Ontario

# 2005

# ਔਂਟੇਰੀਓ
# ਬਜਟ

## *ਮਹੱਤਵਪੂਰਨ ਨੁਕਤੇ*

**ਲੋਕਾਂ ਲਈ ਅਤੇ ਸਾਡੀ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਰਕਮ ਲਾਉਣੀ**





## ਬਜਟ 2005 ਲੋਕਾਂ ਲਈ ਅਤੇ ਸਾਡੀ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਰਕਮ ਲਾਉਂਦਾ ਹੈ।

ਮੈਗ੍ਰਿੰਟੀ ਸਰਕਾਰ ਦਾ ਦੂਜਾ ਬਜਟ ਡੈਫ਼ੀਸਿਟ ਨੂੰ ਖ਼ਤਮ ਕਰਨ ਵਿੱਚ ਮਹੱਤਵਪੂਰਨ ਤਰੱਕੀ ਕਰਨ ਦੇ ਨਾਲ ਨਾਲ, ਵਿਦਿਆ, ਸੇਹਤ ਅਤੇ ਮਜ਼ਬੂਤ ਆਰਥਕਤਾ ਜਿਹੇ ਕੁੰਜੀਵੰਤ ਪਹਿਲੂਆਂ ਵਿੱਚ ਰਕਮ ਲਾਉਂਦਾ ਹੈ। ਬਜਟ 2005 ਸਾਡੀ ਉਨਤੀ ਦਾ ਨਿਰਮਾਣ ਕਰਦਾ ਹੈ:

- ਪੋਸਟਸੈਕੰਡਰੀ ਵਿਦਿਆ ਲਈ–ਇੱਕ ਇਤਿਹਾਸਕ, ਬਹੁ–ਸਾਲਾ ਰਕਮ ਲਾਉਂਦਾ ਹੋਇਆ–40 ਸਾਲਾਂ ਵਿੱਚ ਸਭ ਤੋਂ ਵੱਡਾ;
- ਵਿਦਿਆ ਲਈ–ਬੱਚਿਆਂ ਦੀ ਸੰਭਾਲ ਵਾਸਤੇ ਵੱਧ ਥਾਵਾਂ, ਕਲਾਸਾਂ ਦਾ ਛੋਟਾ ਆਕਾਰ ਅਤੇ ਸਾਡੇ ਸਕੂਲ ਸਿਸਟਮ ਅੰਦਰ ਸ਼ਾਂਤੀ ਅਤੇ ਸਥਿਰਤਾ;
- ਸੇਹਤ ਲਈ–ਵਧੇਰੇ ਡਾਕਟਰ ਅਤੇ ਨਰਸਾਂ,ਉਡੀਕ ਦੇ ਸਮੇਂ ਵਿੱਚ ਕਮੀ ਕਰਨੀ ਅਤੇ ਲੋਕਾਂ ਨੂੰ ਸੇਹਤਮੰਦ ਬਣਾਈ ਰੱਖਣਾ;
- ਮਜ਼ਬੂਤ ਆਰਥਕਤਾ ਲਈ–ਪੋਸਟਸੈਕੰਡਰੀ ਵਿਦਿਆ, ਬੁਨਿਆਦੀ ਢਾਂਚਾ (ਇੰਨਫ੍ਰਾਸਟਰੱਕਚਰ), ਨਵੀਆਂ ਰੀਤਾਂ ਅਤੇ ਕੁੰਜੀਵੰਤ ਸੈਕਟਰ; ਅਤੇ
- ਡੈਫ਼ੀਸਿਟ ਨੂੰ ਘਟਾਉਣਾ–2004-05 ਵਿੱਚ ਡੈਫ਼ੀਸਿਟ ਵਿੱਚ $2.5 ਬਿਲੀਅਨ ਦੀ ਕਮੀ ਕਰਦਿਆਂ ਹੋਇਆਂ–ਜੋ ਸਰਕਾਰ ਨੂੰ ਮਿਲੇ ਵਿਰਸੇ ਦਾ ਅੱਧ ਹੈ।

## ਵੱਧ ਉਚੇਰੀ ਪਹੁੰਚ: ਪੋਸਟਸੈਕੰਡਰੀ ਵਿਦਿਆ ਲਈ ਮੈਗ੍ਰਿੰਟੀ ਸਰਕਾਰ ਦੀ ਪਲੈਨ

ਅਸੀਂ ਆਪਣੇ ਲੋਕਾਂ ਵਾਸਤੇ ਅਹਿਮ ਤੇ ਅਮਲੀ ਵਿਧੀ ਅਨੁਸਾਰ ਰਕਮ ਲਾ ਰਹੇ ਹਾਂ–ਜਿਸ ਦਾ ਭਾਵ ਮੁਕਾਬਲੇ ਵਿੱਚ ਵੱਧੇਰੇ ਲਾਭ ਅਤੇ ਔਂਟੇਰੀਓ ਵਿੱਚ ਆਰਥਕ ਵਾਧਾ ਹੋਵੇਗਾ– ਦਿਮਾਗ਼ ਤੇ ਜਾਣਕਾਰੀ ਰੱਖਣ ਵਾਲੇ ਗੁਣਵਾਨ ਕਾਮੇਂ 21ਵੀਂ ਸਦੀ ਦੀ ਆਰਥਕਤਾ ਦੀ ਟੀਸੀ ਹੋਣਗੇ।

- ਕਾਲਜਾਂ, ਯੂਨੀਵਰਸਿਟੀਆਂ ਅਤੇ ਸਿਖਲਾਈ ਵਿੱਚ $6.2 ਬਿਲੀਅਨ ਦਾ ਵਾਧਾ–40 ਸਾਲਾਂ ਦੌਰਾਨ ਪੋਸਟਸੈਕੰਡਰੀ ਵਿਦਿਆ ਲਈ ਕਈ ਸਾਲਾਂ ਵਿੱਚ ਲਾਈ ਜਾਣ ਵਾਲੀ ਸਭ ਤੋਂ ਵੱਧ ਰਕਮ;
- 2005-06 ਵਿੱਚ ਘੱਟ ਆਮਦਨੀ ਅਤੇ ਦਰਮਿਆਨੀ ਆਮਦਨੀ ਵਾਲੇ 135,000 ਵਿਦਿਆਰਥੀ ਵੱਧ ਮਾਲੀ ਮਦਦ ਹਾਸਲ ਕਰਨਗੇ; ਅਤੇ
- ਪੋਸਟਸੈਕੰਡਰੀ ਵਿਦਿਆ ਪ੍ਰਾਪਤ ਕਰਦੇ ਵਿਦਿਆਰਥੀਆਂ ਵਾਸਤੇ ਕਾਲਜਾਂ, ਯੂਨੀਵਰਸਿਟੀਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਕਰਨਾ, ਇਸ ਵਿੱਚ ਆਦਿਵਾਸੀਆਂ, ਅਪੰਗ ਵਿਅਕਤੀਆਂ, ਫ੍ਰੈਂਚ ਬੋਲਣ ਵਾਲਿਆਂ, ਨਵੇਂ ਕਨੇਡੀਅਨਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਉੱਤਮ ਪੱਧਰ ਤਕ ਦੀ ਪਹੁੰਚ ਵੀ ਸ਼ਾਮਲ ਹੈ।

## ਚੰਗੇਰੀ ਸੇਹਤ

ਉਡੀਕ ਦੇ ਸਮੇਂ ਵਿੱਚ ਕਮੀ ਕਰਨ ਅਤੇ ਲੋਕਾਂ ਨੂੰ ਸੇਹਤਮੰਦ ਬਣਾਈ ਰੱਖਣ ਲਈ ਸੇਹਤ ਸੰਭਾਲ ਵਿੱਚ ਵੱਧ ਰਕਮ ਲਾ ਕੇ ਅਸੀਂ ਵਧੇਰੇ ਡਾਕਟਰ ਅਤੇ ਨਰਸਾਂ ਮੁਹੱਈਆ ਕਰ ਰਹੇ ਹਾਂ।

- ਇੱਕ ਮੀਲੀਅਨ ਤੋਂ ਵੱਧ ਔਂਟੇਰੀਓ ਵਾਸੀਆਂ ਨੂੰ ਸੰਭਾਲ ਸੇਵਾ ਮੁਹੱਈਆ ਕਰਦੀਆਂ 52 ਫ਼ੈਮਲੀ ਹੈਲਥ ਟੀਮਾਂ– ਇਹ 2007-08 ਤੀਕ ਦੇ 150 ਦੇ ਸਾਡੇ ਟੀਚੇ ਦੇ ਰਾਹ ਦਾ ਇੱਕ ਤਿਹਾਈ ਬਣਦਾ ਹੈ;
- ਇਸ ਸਾਲ ਵਿੱਚ 13 ਪ੍ਰਤੀਸ਼ਤ ਮੋਤੀਏ ਦੀਆਂ ਵੱਧ ਸਰਜਰੀਆਂ, 8 ਪ੍ਰਤੀਸ਼ਤ ਵੱਧ ਕਾਰਡੀਅਕ ਪ੍ਰੋਸੀਜਰਜ਼, ਚੂਲੇ ਅਤੇ ਗੋਡੇ ਬਦਲਨ ਵਿੱਚ 16 ਪ੍ਰਤੀਸ਼ਤ ਵਾਧਾ, 19 ਪ੍ਰਤੀਸ਼ਤ ਵੱਧ ਐੱਮ.ਆਰ.ਆਈ. ਮੁਆਇਨੇ ਅਤੇ ਲਗਭਗ 2,900 ਤੋਂ ਵੱਧ ਕੈਂਸਰ ਦੀਆਂ ਸਰਜਰੀਆਂ; ਅਤੇ
- ਬੱਚਿਆਂ ਲਈ ਚੀਚਕ ਦੇ ਤਿੰਨ ਨਵੇਂ ਮੁਫ਼ਤ ਟੀਕਿਆਂ ਦਾ ਵਾਧਾ ਕਰਦਿਆਂ, ਸੇਹਤਮੰਦ ਜੀਵਨ–ਜਾਚ ਨੂੰ ਉਤਸ਼ਾਹਤ ਕਰਦਿਆਂ ਅਤੇ ਲੋਕ ਸੇਹਤ ਲਈ ਵਧੇਰੇ ਫ਼ੰਡ ਦਿੰਦਿਆਂ ਹੋਇਆਂ ਔਂਟੇਰੀਓ ਵਾਸੀਆਂ ਦੀ ਕਮਿਯੂਨਿਟੀ ਆਧਾਰਤ ਸੰਭਾਲ ਅਤੇ ਸੇਹਤ ਨੂੰ ਬਹਿਤਰ ਬਣਾਉਂਦਿਆਂ ਹੋਇਆਂ ਵਧੇਰੇ ਸੂਝ–ਸਮਝ ਨਾਲ ਖ਼ਰਚ ਕਰ ਕੇ।



www.ontariobudget.fin.gov.on.ca

## ਵਿਦਿਆਰਥੀਆਂ ਲਈ ਸਫ਼ਲਤਾ

ਪ੍ਰੀਸਕੂਲ ਤੋਂ ਲੈ ਕੇ ਹਾਈ ਸਕੂਲ ਪਾਸ ਕਰਨ ਤੀਕ ਅਸੀਂ ਬੱਚਿਆਂ ਦੀ ਵਿਦਿਆ ਵਿੱਚ ਰਕਮ ਲਾਉਣੀ ਜਾਰੀ ਰੱਖ ਰਹੇ ਹਾਂ।

- ਚਾਰ ਸਾਲਾ ਸਮੂਹਕ ਸਮਝੌਤਿਆਂ ਦੀ ਕਿਰਪਾ ਕਰ ਕੇ ਸਾਡੇ ਸਕੂਲ ਸਿਸਟਮ ਵਿੱਚ ਸ਼ਾਂਤੀ ਅਤੇ ਸਥਿਰਤਾ;
- ਉੱਤਮ ਅਰੰਭ *(Best Start)* ਪ੍ਰੋਗਰਾਮ ਨਾਲ ਬੱਚਿਆਂ ਦੀ ਸੰਭਾਲ ਲਈ ਵੱਧ ਥਾਵਾਂ ਉਪਲਬਧ ਹੋਣਗੀਆਂ ਅਤੇ ਬੱਚਿਆਂ ਦੀ ਸੰਭਾਲ ਲਈ ਮਾਲੀ ਮਦਦ ਵਿੱਚ ਵਾਧਾ ਹੋਵੇਗਾ;
- 1,300 ਸਕੂਲਾਂ– ਹਰ ਤਿੰਨ ਐਲੀਮੈਂਟਰੀ ਸਕੂਲਾਂ ਪਿੱਛੇ ਇੱਕ– ਕੋਲ ਜੂਨੀਅਰ ਕਿੰਡਰਗਾਰਟਨ ਤੋਂ ਲੈ ਕੇ ਗਰੇਡ 3 ਤੱਕ ਦੀਆਂ ਛੋਟੀਆਂ ਕਲਾਸਾਂ; ਅਤੇ
- ਵਿਦਿਆਰਥੀਆਂ ਦੇ ਇਮਤਿਹਾਨਾਂ ਦੇ ਬਹਿਤਰ ਨਤੀਜੇ, ਪੜ੍ਹਾਈ ਅਤੇ ਹਿਸਾਬ ਵਿੱਚ ਪ੍ਰਾਂਤਕ ਮਿਆਰਾਂ ਤੱਕ ਪਹੁੰਚਣ ਲਈ ਵਿਦਿਆਰਥੀਆਂ ਦੀ ਮਦਦ ਵਾਸਤੇ 8,000 ਲੀਡ ਅਧਿਆਪਕਾਂ ਦੀ ਸਿਖਲਾਈ–ਅਤੇ 8,000 ਵੱਧ ਅਧਿਆਪਕਾਂ ਦੀ ਸਿਖਲਾਈ ਵਿਕਾਸ ਅਧੀਨ।

## ਮਜ਼ਬੂਤ ਆਰਥਕਤਾ

ਬੁਨਿਆਦੀ ਢਾਂਚੇ(ਇੰਨਫ੍ਰਾਸਟਰੱਕਚਰ) ਅਤੇ ਨਵੀਆਂ ਰੀਤੀਆਂ ਪਾਉਣ ਵਿੱਚ ਅਹਿਮ ਰਕਮ ਲਾਉਂਦਿਆ ਹੋਇਆਂ ਅਸੀਂ ਆਪਣੀ ਆਰਥਕਤਾ ਨੂੰ ਮਜ਼ਬੂਤ ਕਰ ਰਹੇ ਹਾਂ।

- ਪੰਜ ਸਾਲਾਂ ਲਈ, ਸੜਕਾਂ, ਆਵਾ–ਜਾਈ, ਹਸਪਤਾਲਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਲਈ $30 ਬਿਲੀਅਨ ਦੀ ਰਕਮ ਦੀ ਬੁਨਿਆਦੀ ਢਾਂਚੇ ਦੀ ਪਲੈਨ;
- ਜਦੋਂ ਤੋਂ ਸਰਕਾਰ ਨੇ ਕੰਮ ਸੰਭਾਲਿਆ ਹੈ 146,000 ਨਵੀਆਂ ਨੌਕਰੀਆਂ;
- ਪੁੱਜਣਯੋਗ ਮੁੱਲ ਵਾਲੇ ਘਰਾਂ ਦੀਆਂ 15,000 ਯੂਨਿਟਾਂ;
- ਕਾਰਾਂ ਸੰਬੰਧੀ ਅਮਲੀ ਵਿਧੀ ਰਾਹੀਂ ਲਾਈ ਜਾਣ ਵਾਲੀ ਨਵੀਂ ਰਕਮ ਵਧਾਅ ਕੇ $3.5 ਬਿਲੀਅਨ ਕੀਤੀ ਜਾਂਦੀ ਹੈ;
- ਨਵੀਆਂ ਰੀਤੀਆਂ ਪਾਉਣ ਵਿੱਚ ਉੱਤਰੀ ਅਮਰੀਕਾ ਅਤੇ ਦੁਨੀਆਂ ਵਿੱਚ ਇਸ ਪਰਾਂਤ ਨੂੰ ਆਗੂ ਬਣਾਉਣ ਵਾਸਤੇ ਪਰਸਤਾਵਤ ਰਿਸਰਚ ਕਾਉਂਸਲ ਆਫ਼ ਆਂਟੇਰੀਓ *(Research Council of Ontario)*; ਅਤੇ
- ਕਲਚਰਲ ਉਦਯੋਗਾਂ, ਨਵੇਂ ਮੀਡੀਏ ਅਤੇ ਕਲਚਰਲ ਟੂਰਿਜ਼ਮ ਵਾਸਤੇ ਨਵੀਂ ਮਦਦ।

## ਜ਼ੁੰਮੇਵਾਰ ਵਿੱਤੀ ਪ੍ਰਬੰਧ

ਸਰਕਾਰ ਨੂੰ ਵਿਰਾਸਤ ਵਿੱਚ ਮਿਲੇ ਡੈਫ਼ੀਸਿਟ ਨੂੰ ਖ਼ਤਮ ਕਰਨ ਲਈ ਅਸੀਂ ਸੰਤੁਲਤ, ਜ਼ੁੰਮੇਵਾਰ ਪਹੁੰਚ ਅਪਣਾਅ ਰਹੇ ਹਾਂ– ਅਤੇ ਉਹ ਕਾਰਗਰ ਸਾਬਤ ਹੋ ਰਹੀ ਹੈ। ਇਹ ਇੱਕ ਅਜਿਹੀ ਪਹੁੰਚ ਹੈ ਜੋ, ਡੈਫ਼ੀਸਿਟ ਨੂੰ ਖ਼ਤਮ ਕਰਨ ਦੇ ਨਾਲ ਨਾਲ, ਸਾਨੂੰ ਵਿਦਿਆ, ਸਿਹਤ ਅਤੇ ਮਜ਼ਬੂਤ ਆਰਥਕਤਾ ਵਿੱਚ ਜ਼ਰੂਰੀ ਰਕਮ ਲਾਉਣ ਦੀ ਖੁੱਲ੍ਹ ਦਿੰਦੀ ਹੈ।

- 2004–05 ਦੇ ਡੈਫ਼ੀਸਿਟ ਨੂੰ ਘਟਾਅ ਕੇ $3 ਬਿਲੀਅਨ ਕਰ ਦਿੱਤਾ ਹੈ– ਜੋ ਸਰਕਾਰ ਨੂੰ ਵਿਰਸੇ ਵਿੱਚ ਮਿਲੇ ਡੈਫ਼ੀਸਿਟ ਦਾ ਲਗਭਗ ਅੱਧ ਹੈ;
- ਵੱਧ ਤੋਂ ਵੱਧ 2008–09 ਤੀਕ ਡੈਫ਼ੀਸਿਟ ਨੂੰ ਖ਼ਤਮ ਕਰ ਦੇਣਾ;
- ਕੋਈ ਨਵੇਂ ਟੈੱਕਸ ਨਹੀਂ;
- ਸਰਕਾਰੀ ਕਾਰਜ ਕੁਸ਼ਲਤਾਵਾਂ ਵਿੱਚ $400 ਮਿਲੀਅਨ ਦੀ ਸ਼ਨਾਖ਼ਤ ਕੀਤੀ ਗਈ; ਅਤੇ
- 15 ਮਨਿੱਸਟਰੀਆਂ ਵਿੱਚ ਖ਼ਰਚਿਆਂ ਉੱਤੇ ਬੰਧਸ਼ ਦੀ ਰੇਖਾ ਕਾਇਮ ਰੱਖੀ ਗਈ।

## ਆਂਟੇਰੀਓ ਬਜਟ 2005 ਸੰਬੰਧੀ ਵਧੇਰੇ ਜਾਣਕਾਰੀ

ਆਂਟੇਰੀਓ ਬਜਟ 2005 ਸੰਬੰਧੀ ਆਮ ਪੁੱਛ–ਗਿੱਛ ਲਈ ਹੇਠ ਦਰਜ ਨਾਲ ਸੰਪਰਕ ਕੀਤਾ ਜਾਵੇ:
Ministry of Finance Information Centre

Toll-free English and French
inquiries: 1-800-337-7222
TTY: 1-800-263-7776

ਇਸ ਦਸਤਾਵੇਜ਼ ਦੀਆਂ ਇਲੈਕਟ੍ਰੌਨਿਕ (ਕੰਪਿਊਟਰ) ਕਾਪੀਆਂ ਹਾਸਲ ਕਰਨ ਲਈ ਸਾਡੀ ਵੈੱਬਸਾਈਟ ਉੱਤੇ ਜਾਓ:
**www.ontariobudget.fin.gov.on.ca**

ਪ੍ਰਕਾਸ਼ਤ ਕਾਪੀਆਂ ਇਥੋਂ ਮੁਫ਼ਤ ਮਿਲਦੀਆਂ ਹਨ

Publications Ontario
880 Bay Street, Toronto, Ontario M7A 1N8
Telephone: (416) 326-5300
Toll-free: 1-800-668-9938
TTY toll-free: 1-800-268-7095
Web site: **www.publications.gov.on.ca**

ਅਦਾਇਗੀ ਆਂਟੇਰੀਓ ਸਰਕਾਰ ਵਲੋਂ ਕੀਤੀ ਗਈ ਹੈ

Punjabi